# ਜਮਾਤ ਦਸਵੀਂ ਵਿਸ਼ਾ ਪੰਜਾਬੀ

## ਕਹਾਣੀ ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ)

ਪ੍ਰਸ਼ਨ:- 'ਇਕ ਪੈਰ ਘੱਟ ਤੁਰਨਾ" ਕਹਾਣੀ ਦਾ ਸਾਰ ਲਗਪਗ 150 ਸ਼ਬਦਾਂ ਵਿੱਚ ਲਿਖੋ।

ਉੱਤਰ-ਦਿੱਲੀ ਦੇ ਇੱਕ ਦਫ਼ਤਰ ਵਿੱਚ ਕੰਮ ਕਰਦੇ ਰਸ਼ੀਦ ਨੂੰ ਜਦੋਂ ਡਾਕਟਰ ਨੇ ਦੱਸਿਆ ਕਿ ਉਸ ਦੇ ਮਿਹਦੇ ਵਿੱਚ ਕੈਂਸਰ ਹੈ, ਤਾਂ ਉਹ ਇਲਾਜ ਲਈ ਸਹਿਮਤ ਨਾ ਹੁੰਦਾ ਹੋਇਆ ਨੌਕਰੀ ਤੋਂ ਅਸਤੀਫ਼ਾ ਦੇ ਕੇ ਤੇ ਘਰ ਦੇ ਲੋੜੀਂਦੇ ਸਾਮਾਨ ਤੋਂ ਬਿਨਾਂ ਸਭ ਕੁੱਝ ਵੇਚ ਕੇ ਆਪਣੇ ਪਿੰਡ ਆ ਗਿਆ। ਉਸ ਦੀ ਪਤਨੀ ਫ਼ਰੀਦਾ ਮਰ ਚੁੱਕੀ ਸੀ। ਉਸ ਨੇ ਅਮਰੀਕਾ ਵਿੱਚ ਡਾਕਟਰ ਬਣ ਕੇ ਨੌਕਰੀ ਕਰ ਰਹੇ ਆਪਣੇ ਇੱਕੋ ਇੱਕ ਪੁੱਤਰ ਅਸਲਮ ਨੂੰ ਵੀ ਪਤਾ ਨਾ ਦਿੱਤਾ। ਉਸ ਨੇ ਘਰ ਨੇੜੇ ਕੁੱਝ ਗੁਲਾਬ ਦੇ ਪੌਦੇ ਲਾ ਲਏ ਤੇ ਕੁੱਝ ਕਬੂਤਰ ਪਾਲ ਲਏ। ਉਹ ਚੂਕਦੀਆਂ ਚਿੜੀਆਂ ਤੇ ਕਲੋਲਾਂ ਕਰਦੇ ਕਬੂਤਰਾਂ ਨੂੰ ਦੇਖ ਕੇ ਅਨੁਭਵ ਕਰਦਾ ਕਿ ਦਫ਼ਤਰ ਦੇ ਕੰਮਾਂ ਤੇ ਸੰਬੰਧੀਆਂ ਦੀਆਂ ਖ਼ੁਸ਼ੀਆਂ-ਗ਼ਮੀਆਂ ਵਿੱਚ ਰੁੱਝਾ ਉਹ ਕੁਦਰਤ ਦੇ ਆਨੰਦ ਤੋਂ ਵਾਂਝਾ ਰਿਹਾ ਹੈ। ਫਿਰ ਉਸ ਕੋਲ ਤਿੰਨ- ਚਾਰ ਬਿੱਲੀਆਂ ਰਹਿਣ ਲੱਗੀਆਂ। ਜਦੋਂ ਉਸ ਦੇ ਦਰਦ ਉੱਠਦੀ, ਤਾਂ ਉਹ ਬਲੂੰਗੜਿਆਂ, ਪੌਦਿਆਂ, ਕਬੂਤਰਾਂ ਤੇ ਬੱਚਿਆਂ ਨਾਲ ਆਪਣਾ ਦਿਲ ਲਾ ਲੈਂਦਾ। ਇਕ ਵਾਰੀ ਜਦੋਂ ਦਰਦ ਉੱਠੀ, ਤਾਂ ਉਸ ਨੇ ਰੰਗ-ਬਰੰਗੇ ਤੋਤੇ ਲਿਆ ਕੇ ਉਨ੍ਹਾਂ ਵਿੱਚ ਆਪਣਾ ਮਨ ਲਾ ਲਿਆ। ਦਿਨ ਬੀਤਣ 'ਤੇ ਉਹ ਸਮਝਦਾ ਕਿ ਉਸ ਨੇ ਬੜੀ ਚੁਸਤੀ ਨਾਲ ਇਕ ਹੋਰ ਦਿਨ ਨੂੰ ਝੁਠਾਲੀ ਦੇ ਦਿੱਤੀ ਹੈ। ਰਾਤੀਂ ਤਾਰੇ ਉਸ ਨੂੰ ਗੱਲਾਂ ਕਰਦੇ ਪ੍ਰਤੀਤ ਹੁੰਦੇ। ਅੰਤ ਇਕ ਦਿਨ ਉਸ ਨੇ ਗੁਆਂਢੀਆਂ ਦੇ ਮੁੰਡੇ ਤੋਂ ਪਤੰਗ ਤੇ ਡੋਰ ਮੰਗਵਾ ਲਈ ਤੇ ਉਸ ਦੇ ਹੱਥ ਵਿੱਚ ਫੜਾ ਕੇ ਜਦੋਂ ਉਸ (ਰਸ਼ੀਦ) ਨੇ ਪਤੰਗ ਨੂੰ ਹੁਲਾਰਾ ਦਿੱਤਾ, ਤਾਂ ਉਸ ਦੇ ਭਿਆਨਕ ਦਰਦ ਉੱਠੀ, ਮੂੰਹ ਵਿੱਚੋਂ ਲਹੂ ਨਿਕਲਿਆ ਤੇ ਉਹ ਮਰ ਗਿਆ।

### ਸੰਖੇਪ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ 1. ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਬੁਲਾਉਣ ਲਈ ਕਿਉਂ ਕਹਿੰਦਾ ਹੈ ?

ਉੱਤਰ-ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਇਸ ਕਰਕੇ ਬੁਲਾਉਣ ਲਈ ਕਹਿੰਦਾ ਹੈ, ਤਾਂ ਜੋ ਮਿਹਦੇ ਦੇ ਕੈਂਸਰ ਦਾ ਮਰੀਜ਼ ਹੋਣ ਕਰਕੇ ਉਸ ਦਾ ਇਲਾਜ ਠੀਕ ਤਰ੍ਹਾਂ ਹੋ ਸਕੇ, ਕਿਉਂਕਿ ਅਜਿਹੇ ਮਰੀਜ਼ ਨੂੰ ਹਸਪਤਾਲ ਵੀ ਦਾਖ਼ਲ ਕਰਨਾ ਪੈ ਸਕਦਾ ਹੈ ਤੇ ਕਿਸੇ ਸਮੇਂ ਹਾਲਤ ਵਿਗੜਨ ਸਮੇਂ ਉਸ ਦਾ ਸਹਾਇਕ ਉਸ ਦੇ ਕੋਲ ਹੋਵੇ।

ਪ੍ਰਸ਼ਨ 2. ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ ?

ਉੱਤਰ- ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਇਸ ਕਰਕੇ ਸੋਚਿਆ, ਕਿਉਂਕਿ ਮਿਹਦੇ ਵਿਚ ਕੈਂਸਰ ਹੋਣ ਕਰਕੇ ਡਾਕਟਰਾਂ ਨੇ ਉਸ ਦੀ ਉਮਰ ਛੇ ਕੁ ਮਹੀਨੇ ਹੀ ਦੱਸੀ ਸੀ ਤੇ ਹੁਣ ਇਹ ਸਮਾਂ ਸ਼ਹਿਰ ਦੇ ਰੌਲੇ ਤੋਂ ਦਰੀਆਗੰਜ ਦੇ ਘੁਰਨੇ ਦੀ ਥਾਂ ਪਿੰਡ ਜਾ ਕੇ ਆਪਣੀ ਪੁਰਾਣੀ ਤੇ ਪੱਕੀ ਹਵੇਲੀ ਦੀ ਖੁੱਲ੍ਹੀ ਹਵਾ ਵਿੱਚ ਆਪਣੇ ਮਨ ਦੀ ਮਰਜ਼ੀ ਅਨੁਸਾਰ ਗੁਜਾਰਨੇ ਚਾਹੁੰਦਾ ਸੀ।

ਪ੍ਰਸ਼ਨ 3. ਰਸ਼ੀਦ ਆਪਣੇ ਪਿੰਡ ਜਾ ਕੇ ਕਿਵੇਂ ਰਹਿਣਾ ਸ਼ੁਰੂ ਕਰਦਾ ਹੈ ?

ਉੱਤਰ-ਪਿੰਡ ਜਾ ਕੇ ਰਸ਼ੀਦ ਨੇ ਘਰ ਦੇ ਨੇੜੇ ਕੁੱਝ ਗੁਲਾਬ ਦੇ ਪੌਦੇ ਲਾ ਲਏ ਤੇ ਕਬੂਤਰ ਪਾਲ ਲਏ। ਉਹ ਚੂਕਦੀਆਂ ਚਿੜੀਆਂ ਤੇ ਕਲੋਲਾਂ ਕਰਦੇ ਕਬੂਤਰਾਂ ਨੂੰ ਦੇਖ ਕੇ ਅਨੁਭਵ ਕਰਦਾ ਕਿ ਸ਼ਹਿਰ ਵਿੱਚ ਰਹਿੰਦਿਆਂ ਉਹ ਕੁਦਰਤ ਦੇ ਆਨੰਦ ਤੋਂ ਵਾਂਝਾ ਰਹਿੰਦਾ ਰਿਹਾ ਹੈ। ਫਿਰ ਉਸ ਕੋਲ ਤਿੰਨ-ਚਾਰ ਬਿੱਲੀਆਂ ਰਹਿਣ ਲੱਗੀਆਂ। ਜਦੋਂ ਉਸ ਦੇ ਦਰਦ ਉੱਠਦੀ, ਤਾਂ ਉਹ ਬਲੂੰਗੜਿਆਂ, ਪੌਦਿਆਂ, ਕਬੂਤਰਾਂ ਤੇ ਬੱਚਿਆਂ ਨਾਲ ਆਪਣਾ ਦਿਲ ਲਾ ਲੈਂਦਾ। ਫਿਰ ਉਸਨੇ ਰੰਗ-ਬਰੰਗੇ ਤੋਤੇ ਰੱਖ ਲਏ ਤੇ ਸਮਝਦਾ ਕਿ ਉਸ ਨੇ ਬੜੀ ਚੁਸਤੀ ਨਾਲ ਇਕ ਹੋਰ ਦਿਨ ਨੂੰ ਝੁਠਾਲੀ ਦੇ ਦਿੱਤੀ ਹੈ। ਰਾਤੀਂ ਉਸ ਨੂੰ ਤਾਰੇ ਆਪਣੇ ਨਾਲ ਗੱਲਾਂ ਕਰਦੇ ਲਗਦੇ। ਇਕ ਦਿਨ ਗੁਆਂਢੀਆਂ ਦੇ ਮੁੰਡੇ ਨਾਲ ਪਤੰਗ ਉਡਾਉਂਦਿਆਂ ਉਹ ਚਲ ਵਸਿਆ।

ਪ੍ਰਸ਼ਨ 4. " ਲੈ ਬਈ, ਇਕ ਹੋਰ ਦਿਨ ਨੂੰ ਝੁਠਾਲੀ ਦੇ ਦਿੱਤੀ। ਐਨਾ ਉੱਲੂ ਬਣਾਇਆ ਕਿ ਚੁੱਪ-ਚਾਪ ਕਹਿ ਕੇ ਤੁਰ ਗਿਆ।" ਰਸ਼ੀਦ ਦੀ ਇਸ ਮਨਬਚਨੀ ਤੋਂ ਕੀ ਭਾਵ ਹੈ ?

ਉੱਤਰ-ਰਸ਼ੀਦ ਦੀ ਇਸ ਮਨਬਚਨੀ ਤੋਂ ਭਾਵ ਇਹ ਹੈ ਕਿ ਬੇਸ਼ੱਕ ਉਸਨੂੰ ਕੈਂਸਰ ਦੀ ਮਾਰੂ ਬਿਮਾਰੀ ਲੱਗੀ ਹੋਈ ਹੈ, ਪਰ ਉਸ ਦੇ ਦਿਨ ਰੋਣ ਕੁਰਲਾਉਣ ਵਿੱਚ ਨਹੀਂ ਬੀਤ ਰਹੇ, ਸਗੋਂ ਜਿੰਨੇ ਕੁ ਦਿਨ ਉਸ ਕੋਲ ਹਨ, ਉਹ ਹੱਸ-ਖੇਡ ਕੇ, ਤਰ੍ਹਾਂ ਤਰ੍ਹਾਂ ਦੇ ਸ਼ੌਕ ਪਾਲਦਿਆਂ ਖ਼ੁਸ਼ੀ-ਖੁਸ਼ੀ ਗੁਜ਼ਾਰ ਰਿਹਾ ਹੈ। ਜਿਸ ਤਰ੍ਹਾਂ ਉਸ ਦਾ ਇਕ ਦਿਨ ਪੌਦੇ ਲਾਉਣ, ਕਬੂਤਰਾਂ ਨਾਲ ਖੇਡਣ, ਕੁਦਰਤ ਤੇ ਪੰਛੀਆਂ ਦਾ ਆਨੰਦ ਲੈਣ, ਬਿੱਲੀ ਦੇ ਬਲੂੰਗੜਿਆਂ ਤੇ ਤੋਤੇ ਪਾਲਣ ਦੇ ਰੁਝੇਵੇਂ ਵਿਚ ਲੱਗਿਆਂ ਚੁੱਪ-ਚਾਪ ਆਨੰਦ ਨਾਲ ਬੀਤ ਜਾਂਦਾ ਹੈ। ਇਸੇ ਤਰ੍ਹਾਂ ਉਹ ਆਸ ਕਰਦਾ ਹੈ ਕਿ ਉਸ ਦੀ ਜ਼ਿੰਦਗੀ ਦੇ ਬਾਕੀ ਦਿਨ ਵੀ ਬੀਤ ਜਾਣਗੇ ਤੇ ਖੁਸ਼ੀ-ਖੁਸ਼ੀ ਦਿਨ ਗੁਜ਼ਾਰ ਕੇ ਇਸ ਦੁਨੀਆ ਤੋਂ ਜਾਵੇਗਾ |

ਪ੍ਰਸ਼ਨ 5 ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕੀ ਸ਼ੌਕ ਪਾਲਦਾ ਹੈ ?

ਉੱਤਰ-ਰਸ਼ੀਦ ਨੇ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕੁੱਝ ਸ਼ੌਕ ਪਾਲ ਲਏ ਤੇ ਉਨ੍ਹਾਂ ਵਿਚ ਦਿਲਚਸਪੀ ਲੈਣ ਲੱਗਾ। ਉਸ ਨੇ ਘਰ ਦੇ ਆਸ-ਪਾਸ ਬਹੁਤ ਸਾਰੇ ਗੁਲਾਬਾਂ ਦੇ ਪੌਦੇ ਲਾ ਦਿੱਤੇ, ਜਿਨ੍ਹਾਂ ਉੱਤੇ ਉਹ ਮਾਰਚ ਦੇ ਅੱਗੇ-ਪਿੱਛੇ ਫੁੱਲ ਖਿੜਨ ਦੀ ਉਮੀਦ ਕਰਨ ਲੱਗਾ। ਉਸ

ਨੇ ਬਹੁਤ ਸਾਰੇ ਰੰਗ-ਬਰੰਗੇ, ਸਫ਼ੈਦ, ਸੁਰਮਈ, ਚਿਤਰ-ਮਿਤਰੇ ਤੇ ਬਰਾਉਨ ਰੰਗ ਦੇ ਕਬੂਤਰ ਪਾਲ ਲਏ । ਉਹ ਉਨ੍ਹਾਂ ਨਾਲ ਖੇਡਦਾ ਤੇ ਗੱਲਾਂ ਕਰਦਾ ਤੇ ਦਾਣਾ ਖਿਲਾਉਂਦਾ ਤੇ ਉਨ੍ਹਾਂ ਦੀਆਂ ਉਡਾਰੀਆਂ ਤੇ ਨਾਚ ਦਾ ਸੁਆਦ ਲੈਂਦਾ । ਉਹ ਚਿੜੀਆਂ ਦੇ ਚੂਕਣ, ਸਵੇਰ ਦੇ ਚੜ੍ਹਨ ਤੇ ਆਸ-ਪਾਸ ਰਹਿੰਦੇ ਪੰਛੀਆਂ ਵਿਚ ਵੀ ਦਿਲਚਸਪੀ ਲੈਂਦਾ । ਉਹ ਘਰ ਵਿੱਚ ਬਿੱਲੀ ਦੇ ਬਲੂੰਗੜਿਆਂ ਦੀ ਦੇਖ-ਭਾਲ ਤੇ ਉਨ੍ਹਾਂ ਨਾਲ ਖੇਡਣ ਦਾ ਆਨੰਦ ਲੈਂਦਾ । ਇਸ ਤੋਂ ਇਲਾਵਾ ਉਹ ਆਂਢ-ਗੁਆਂਢ ਦੇ ਬੱਚਿਆਂ ਨੂੰ ਸੱਦ ਕੇ ਉਨ੍ਹਾਂ ਦਾ ਹੋਮਵਰਕ ਵੀ ਕਰਵਾ ਦਿੰਦਾ । ਇਸ ਪਿੱਛੋਂ ਉਸਨੇ ਕਿਧਰੋਂ ਛੋਟੇ ਛੋਟੇ ਰੰਗ- ਬਰੰਗੇ ਤੋਤੇ ਖ਼ਰੀਦ ਲਿਆਂਦੇ । ਉਹ ਉਨ੍ਹਾਂ ਨੂੰ ਰੱਖਣ ਲਈ ਪਿੰਜਰੇ ਬਣਵਾਉਂਦਾ ਤੇ ਫਿਰ ਉਨ੍ਹਾਂ ਨੂੰ ਲਟਕਾਉਂਦਾ ਰਹਿੰਦਾ। ਉਹ ਉਨ੍ਹਾਂ ਦੇ ਖਾਣ ਲਈ ਦਾਣੇ ਆਦਿ ਦਾ ਪ੍ਰਬੰਧ ਵੀ ਕਰਦਾ ਤੇ ਪਿੰਜਰਿਆਂ ਦੀ ਸਫ਼ਾਈ ਵੀ ਕਰਦਾ ।

ਪ੍ਰਸ਼ਨ 6. ਰਸ਼ੀਦ ਬਚਪਨ ਦੀਆਂ ਸਵੇਰਾਂ ਨੂੰ ਯਾਦ ਕਰ ਕੇ ਕੀ ਵਰਣਨ ਕਰਦਾ ਹੈ ?

ਉੱਤਰ-ਬਚਪਨ ਦੀਆਂ ਸਵੇਰਾਂ ਸਮੇਂ ਰਸ਼ੀਦ ਬਾਹਰ ਜੰਗਲ-ਪਾਣੀ ਜਾਣ ਮਗਰੋਂ ਕਿੱਕਰ ਦੀਆਂ ਟਾਹਣੀਆਂ ਭੰਨ ਕੇ ਤੇ ਛਾਂਗ ਕੇ ਦਾਤਣਾਂ ਬਣਾ ਕੇ ਘਰ ਲਿਆਉਂਦਾ ਸੀ ਤੇ ਨਾਲ ਹੀ ਇਕ ਦਾਤਣ ਨੂੰ ਮਜੇ-ਮਜੇ ਚਿੱਥਦਾ ਹੁੰਦਾ ਸੀ । ਫਿਰ ਘਰ ਪਹੁੰਚ ਕੇ ਸਭ ਨੂੰ ਇਕ-ਇਕ ਦਾਤਣ ਦੇਣਾ ਉਸ ਦੀ ਡਿਊਟੀ ਹੁੰਦੀ ਸੀ । ਇਹ ਗੱਲ ਨੂੰ ਯਾਦ ਕਰ ਕੇ ਰਸ਼ੀਦ ਦਾ ਮਨ ਕੂਲਾ ਹੋ ਜਾਂਦਾ ਹੈ ।

ਪ੍ਰਸ਼ਨ 7. ਰਸ਼ੀਦ ਗੁਆਂਢੀ ਮੁੰਡੇ ਨਾਲ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ ?

ਉੱਤਰ-ਰਸ਼ੀਦ ਨੇ ਗੁਆਂਢੀਆਂ ਦੇ ਮੁੰਡੇ ਨੂੰ ਦਸ ਰੁਪਏ ਦੇ ਕੇ ਪਤੰਗ ਤੇ ਡੋਰ ਮੰਗਵਾਈ । ਫਿਰ ਦੋਹਾਂ ਨੇ ਰਲ ਕੇ ਤਣਾਵਾਂ ਪਾਈਆਂ ਤੇ ਝੋਲ ਪਰਖ ਕੇ ਪਤੰਗ ਤਿਆਰ ਕਰ ਲਈ । ਫਿਰ ਉਸ ਨੇ ਮੁੰਡੇ ਨੂੰ ਡੋਰ ਫੜਾ ਕੇ ਆਪ ਪਤੰਗ ਦੋਹਾਂ ਹੱਥਾਂ ਦੀਆਂ ਉਂਗਲਾਂ ਨਾਲ ਫੜ ਕੇ ਹਵਾ ਵਿੱਚ ਹੁਲਾਰ ਕੇ ਛੱਡ ਦਿੱਤੀ । ਇਸ ਹੁਲਾਰ ਨਾਲ ਹੀ ਉਹ ਬੇਹੋਸ਼ ਹੋ ਕੇ ਡਿੱਗ ਪਿਆ ਤੇ ਉਹ ਮਰ ਗਿਆ । ਇਸ ਤਰ੍ਹਾਂ ਰਸ਼ੀਦ ਨੇ ਗੁਆਂਢੀ ਮੁੰਡੇ ਨਾਲ ਆਪਣੀ ਪਤੰਗ ਉਡਾਉਣ ਦੀ ਰੀਝ ਪੂਰੀ ਕੀਤੀ ।

## ਵਸਤੂਨਿਸ਼ਠ ਪ੍ਰਸ਼ਨ/ ਉੱਤਰ

ਪ੍ਰਸ਼ਨ 1 'ਇਕ ਪੈਰ ਘੱਟ ਤੁਰਨਾ' ਕਹਾਣੀ ਕਿਸ ਦੀ ਰਚਨਾ ਹੈ?

ਉੱਤਰ ਅਜੀਤ ਕੌਰ।

ਪ੍ਰਸ਼ਨ 2 'ਇਕ ਪੈਰ ਘੱਟ ਤੁਰਨਾ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?

ਉੱਤਰ ਰਸ਼ੀਦ।

ਪ੍ਰਸ਼ਨ 3 ਰਸ਼ੀਦ ਦੀ ਪਤਨੀ ਦਾ ਕੀ ਨਾਂ ਸੀ?

ਉੱਤਰ ਫ਼ਰੀਦਾ।

ਪ੍ਰਸ਼ਨ 4 ਰਸ਼ੀਦ ਦੇ ਪੁੱਤਰ ਦਾ ਕੀ ਨਾਂ ਸੀ?

ਉੱਤਰ ਅਸਲਮ।

ਪ੍ਰਸ਼ਨ 5 ਰਸ਼ੀਦ ਕਿੱਥੇ ਨੌਕਰੀ ਕਰਦਾ ਸੀ?

ਉੱਤਰ ਦਿੱਲੀ ਵਿੱਚ।

ਪ੍ਰਸ਼ਨ 6 ਅੰਦਰੂਨੀ ਟੈਸਟ ਤੋਂ ਰਸ਼ੀਦ ਨੂੰ ਕਿਹੜੀ ਬਿਮਾਰੀ ਹੋਣ ਦਾ ਪਤਾ ਲੱਗਾ ਸੀ?

ਉੱਤਰ ਮਿਹਦੇ ਵਿੱਚ ਕੈਂਸਰ।

ਪ੍ਰਸ਼ਨ 7 ਰਸ਼ੀਦ ਦੀ ਪਤਨੀ ਨੂੰ ਮਰਿਆਂ ਕਿੰਨੇ ਸਾਲ ਹੋ ਚੁੱਕੇ ਸਨ?

ਉੱਤਰ ਛੇ ਸਾਲ।

ਪ੍ਰਸ਼ਨ 8 ਅਸਲਮ ਕਿੱਥੇ ਰਹਿੰਦਾ ਸੀ?

ਉੱਤਰ ਅਮਰੀਕਾ ਵਿੱਚ।

ਪ੍ਰਸ਼ਨ 9 ਰਸ਼ੀਦ ਦਾ ਬੇਲੀ ਕੌਣ ਸੀ?

ਉੱਤਰ ਰਮੇਸ਼।

ਪ੍ਰਸ਼ਨ 10 ਰਸ਼ੀਦ ਦੇ ਕਿਹੜੇ- ਕਿਹੜੇ ਬੱਚੇ ਨਹੀਂ ਹਨ ਬਚੇ?

ਉੱਤਰ ਰਾਸ਼ਿਦ ਤੇ ਮਰੀਅਮ।

ਪ੍ਰਸ਼ਨ 11 ਰਸ਼ੀਦ ਨੌਕਰੀ ਛੱਡ ਕੇ ਕਿੱਥੇ ਆ ਗਿਆ?

ਉੱਤਰ ਪਿੰਡ।

ਪ੍ਰਸ਼ਨ 12 ਰਸ਼ੀਦ ਕਿਹੜੇ ਮਹੀਨੇ ਵਿੱਚ ਪਿੰਡ ਪੁੱਜਾ?

ਉੱਤਰ ਅਕਤੂਬਰ ਵਿੱਚ।

ਪ੍ਰਸ਼ਨ 13 ਰਸ਼ੀਦ ਨੇ ਘਰ ਦੇ ਆਸ-ਪਾਸ ਕਾਹਦੇ ਪੌਦੇ ਲਗਵਾਏ?

ਉੱਤਰ ਗੁਲਾਬ ਦੇ।

ਪ੍ਰਸ਼ਨ 14 ਰਸ਼ੀਦ ਨੇ ਕਿਹੜੇ ਪੰਛੀ ਪਾਲੇ?

ਉੱਤਰ ਕਬੂਤਰ ਤੇ ਤੋਤੇ।

ਪ੍ਰਸ਼ਨ 15 ਰਸ਼ੀਦ ਸਕੂਲ ਪੜ੍ਹਦੇ ਮੁੰਡਿਆਂ-ਕੁੜੀਆਂ ਨੂੰ ਕੀ ਕਰਵਾ ਦਿੰਦਾ?

ਉੱਤਰ ਹੋਮ ਵਰਕ।

ਪ੍ਰਸ਼ਨ 16 ਇੱਕ ਦਿਨ ਰਸ਼ੀਦ ਨੇ ਮੁੰਡੇ ਨੂੰ ਦਸ ਰੁਪਏ ਕਾਹਦੇ ਲਈ ਦਿੱਤੇ?

ਉੱਤਰ ਪਤੰਗ ਲਿਆਉਣ ਲਈ।

ਪ੍ਰਸ਼ਨ 17 ਗੁਆਂਢੀਆਂ ਦੇ ਮੁੰਡੇ ਦਾ ਕੀ ਨਾਂ ਸੀ?

ਉੱਤਰ ਸ਼ਾਮ।

ਪ੍ਰਸ਼ਨ 18 ਜਦੋਂ ਰਸ਼ੀਦ ਦੀ ਮੌਤ ਹੋਈ ਤਾਂ ਉਹ ਕੀ ਕਰ ਰਿਹਾ ਸੀ?

ਉੱਤਰ ਪਤੰਗ ਉਡਾ ਰਿਹਾ ਸੀ।


ਤਿਆਰ ਕਰਤਾ:-

ਇੰਦਰਜੀਤ ਕੌਰ, ਪੰਜਾਬੀ ਮਿਸਟ੍ਰੈੱਸ,

ਸ:ਸ:ਸ: ਸਕੂਲ, ਹੇਰ,

ਜ਼ਿਲ੍ਹਾ ਅੰਮ੍ਰਿਤਸਰ।